**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਅਸ਼ੋਕ ਕੁਮਾਰ ਵਾਟਸ 9876723012
ਮਕਾਨ ਨੰ ਬੀ-ਵੀ-1534। ਗਲੀ ਨੰ 1, ਲਾਜਪੱਤ ਨਗਰ,
ਅਬੋਹਰ, ਜ਼ਿਲ੍ਹਾ ਫਾਜ਼ਿਲਕਾ-152116 -----ਅਪੀਲਕਰਤਾ

**ਬਨਾਮ**

ਲੋਕ ਸੂਚਨਾ ਅਧਿਕਾਰੀ,
ਐੱਸ.ਐੱਸ.ਪੀ .ਵਿਜੀਲੈਂਸ ਬਿਊਰੋ, ਫਿਰੋਜ਼ਪੁਰ।

ਪਹਿਲੀ ਅਪੀਲੀ ਕਮ ਡਾਇਰੈਟਰ ਵਿਜੀਲੈਂਸ ਬਿਊਰੋ,
ਪੰਜਾਬ, ਮੋਹਾਲੀ। --------ਉੱਤਰਦਾਤਾ

**ਅਪੀਲ ਕੇਸ ਨੰ: 3014/2019**

**ਹਾਜ਼ਰ:-**

1) ਅਪੀਲਕਰਤਾ ਅਸ਼ੋਕ ਕੁਮਾਰ ਵਾਟਸ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਜੇਸ ਕੁਮਾਰ ਐਸ.ਆਈ. ਅਤੇ ਸ੍ਰੀ ਅਮਨਦੀਪ ਸਿੰਘ, ਇੰਸਪੈਕਟਰ (98788-61085)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 04-05-2019, **ਲੋਕ ਸੂਚਨਾ ਅਧਿਕਾਰੀ, ਐੱਸ.ਐੱਸ.ਪੀ .ਵਿਜੀਲੈਂਸ ਬਿਊਰੋ, ਫਿਰੋਜ਼ਪੁਰ** ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਨਗਰ ਕੌਂਸਲ ਅਬੋਹਰ ਵਲੋਂ ਮਿਤੀ 20-08-2010 ਨੂੰ ਖੁਲੀ ਬੋਲੀ ਰਾਂਹੀ ਕੁਝ ਪਲਾਟ ਨਵੀਂ ਸੜਕ ਅਬੋਹਰ ਤੇ ਵੇਚੇ ਗਏ ਸਨ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 19-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 09-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਜੋ ਕਿ ਬਾਅਦ ਵਿਚ ਮੁਲਤੱਵੀ ਕਰਕੇ ਮਿਤੀ 17-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ

2. ਪਿਛਲੀ ਪੇਸ਼ੀ ਦੀ ਮਿਤੀ 17-10-2019 ਨੂੰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦੱਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਦੇ ਹੋਏ ਅਪੀਲਕਰਤਾ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 06-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

3. ਪੇਸ਼ੀ ਦੀ ਮਿਤੀ 06-11-2019 ਤੇ ਅਪੀਲਕਰਤਾ ਸ਼੍ਰੀ ਅਸ਼ੋਕ ਕੁਮਾਰ ਵੱਟਸ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀ ਰਾਜ਼ੇਸ ਕੁਮਾਰ ਐਸ.ਆਈ. ਅਤੇ ਸ੍ਰੀ ਅਮਨਦੀਪ ਸਿੰਘ, ਇੰਸਪੈਕਟਰ ਨੇ ਇਸ ਕੇਸ ਵਿੱਚ ਆਪਣੀਆਂ ਆਪਣੀਆਂ ਦਲੀਲਾਂ ਅਤੇ ਦਸਤਾਵੇਜ਼ ਪੇਸ਼ ਕੀਤੇ ਗਏ। ਦੋਨਾਂ ਧਿਰਾਂ ਵਲੋਂ ਦਿੱਤੇ ਗਏ ਦਸਤਾਵੇਜ਼ ਮਿਸਲ ਤੇ ਰੱਖ ਲਏ ਗਏ ਸਨ। ਇਸ ਮਾਮਲੇ ਤੇ ਡੂੰਘਾਈ ਨਾਲ ਘੋਖ-ਵਿਚਾਰ ਕਰਨ ਲਈ **ਇਹ ਕੇਸ ਰਿਜ਼ਰਵ ਰੱਖਿਆ** ਗਿਆ ਸੀ।

4. ਦੋਨਾਂ ਧਿਰਾਂ ਵਲੋਂ ਪੇਸ਼ੀ ਦੋਰਾਨ ਮਿਤੀ 06-11-2019 ਨੂੰ ਪੇਸ਼ ਕੀਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੇ ਨਾਲ ਨਾਲ ਮਿਸਲ ਤੇ ਆਏ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਆਰ.ਟੀ.ਆਈ. ਐਕਟ, 2005 ਤਹਿਤ ਮਿਤੀ 04-05-2019 ਨੂੰ ਬਿਨੈ ਪੱਤਰ ਦਿੱਤਾ ਗਿਆ ਸੀ। ਲੋਕ ਸੂਚਨਾ ਅਫਸਰ ਵਲੋਂ ਇਸ ਦਾ ਉੱਤਰ ਮਿਥੇ ਸਮੇਂ ਅੰਦਰ ਪੱਤਰ ਨੰ: 2498/ਵਬ/ਅ-1, ਮਿਤੀ 24-05-2019 ਨੂੰ ਅਪੀਲਕਰਤਾ ਨੂੰ ਦੇ ਦਿੱਤਾ ਗਿਆ ਸੀ ਕਿ ਮਾਮਲਾ ਤਫਤੀਸ਼ ਅਧੀਨ ਹੈ, ਇਸ ਲਈ ਮੰਗੀ ਗਈ ਸੂਚਨਾ ਆਰ.ਟੀ.ਆਈ.ਐਕਟ, 2005 ਦੀ ਧਾਰਾ 8(1) ਤਹਿਤ ਦੇਣੀ ਵਰਜ਼ਿਤ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਇਸ ਪੱਤਰ ਰਾਹੀਂ ਦਿੱਤੀ ਗਈ ਸੂਚਨਾ ਸਹੀ ਹੋਣ ਕਾਰਨ, ਇਸ ਵਿਰੁੱਧ

ਪਰਤੋ ਜੀ -------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3014/2019

ਪਹਿਲੀ ਅਥਾਰਟੀ ਪਾਸ ਅਪੀਲ ਲਾਈ ਨਹੀਂ ਸੀ ਕਰਦੀ। ਪਰ ਅਪੀਲਕਰਤਾ ਵਲੋਂ ਪਹਿਲੀ ਅਥਾਰਟੀ ਪਾਸ ਮਿਤੀ 24-06-2019 ਰਾਹੀਂ ਅਪੀਲ ਦਾਇਰ ਕੀਤੀ ਗਈ । ਇਸ ਅਪੀਲ ਦਾ ਉੱਤਰ ਵੀ ਪਹਿਲੀ ਅਪੀਲੀ ਅਥਾਰਟੀ ਵਲੋਂ ਆਪਣੇ ਪੱਤਰ ਨੰ: 36090/ਵਬ/ਐਸ-14 ਮਿਤੀ 31-07-2019 ਰਾਹੀਂ ਦਿੰਦੇ ਹੋਏ ਦਸਿਆ ਗਿਆ ਕਿ ਉਸ ਵਲੋਂ ਦਰਜ ਕਰਵਾਈ ਸ਼ਿਕਾਇਤ ਨੰ:39/15 ਤਫਤੀਸ਼ ਅਧੀਨ ਹੈ ਇਸ ਲਈ ਆਰ.ਟੀ.ਆਈ. ਐਕਟ, 2005 ਦੀ ਧਾਰਾ 8(1)(ਐਚ) ਤਹਿਤ ਸੂਚਨਾ ਨਹੀਂ ਦਿੱਤੀ ਜਾ ਸਕਦੀ । ਇਸ ਦੇ ਨਾਲ ਹੀ ਜਿਵੇ ਉਪਰ ਦਸਿਆ ਗਿਆ ਹੈ ਕਿ ਉੱਤਰਦਾਤਾ ਵਲੋਂ ਆਪਣੇ ਪੱਤਰ ਮਿਤੀ 30-09-2019 ਅਤੇ 30-10-2019 ਰਾਹੀਂ ਵੀ ਅਪੀਲਕਰਤਾ ਨੂੰ ਇਸੇ ਆਧਾਰ ਤੇ ਸੂਚਨਾ ਭੇਜ ਦਿੱਤੀ ਗਈ ਸੀ। ਇਸ ਤਰ੍ਹਾਂ ਉੱਤਰਦਾਤਾ (ਲੋਕ ਸੂਚਨਾ ਅਫਸਰ ) ਵਲੋਂ ਅਪੀਲਕਰਤਾ ਦੀ ਅਰਜੀ ਮਿਤੀ 04-05-2019 ਸਬੰਧੀ ਆਪਣੇ ਪੱਤਰ ਮਿਤੀ 24-05-2019 ਰਾਹੀਂ ਪਹਿਲੀ ਸਟੇਜ ਤੇ ਹੀ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਸੀ ਕਿ ਮਾਮਲਾ ਤਫਤੀਸ਼ ਅਧੀਨ ਹੈ, ਇਸ ਉਪਰੰਤ ਪਹਿਲੀ ਅਪੀਲੀ ਅਥਾਰਟੀ ਵਲੋਂ ਵੀ ਸਮੇ ਸਿਰ ਸੂਚਨਾ ਮੁਹੱਈਆ ਕਰਵਾ ਦਿਤੀ ਗਈ ਸੀ ਕਿ ਸ਼ਿਕਾਇਤ ਨੰ:39/15 ਤਫਤੀਸ਼ ਅਧੀਨ ਹੈ ਇਸ ਲਈ ਆਰ.ਟੀ.ਆਈ. ਐਕਟ, 2005 ਦੀ ਧਾਰਾ 8(1)(ਐਚ) ਤਹਿਤ ਮੰਗੀ ਗਈ ਸੂਚਨਾ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਕਮਿਸ਼ਨ ਪਾਸ ਅਪੀਲ ਨਹੀਂ ਸੀ ਬਣਦੀ। ਇਸ ਲਈ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 28 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ**